ਕਿੱਸਾ ਕਵੀ – ਹਾਸ਼ਮ ਸ਼ਾਹ ਜਮਾਤ – ਦਸਵੀਂ

# ਕਿੱਸਾ ਸੱਸੀ ਪੁੰਨੂੰ

ਤੁਰਸਾਂ ਮੂਲ ਨਾ ਮੁੜਸਾਂ ਰਾਹੋਂ,ਜਾਨ ਤਲੀ ਪਰ ਧਰਸਾਂ ।

ਜਬ ਲਗ ਸਾਸ ਨਿਰਾਸ ਨਾ ਹੋਵਾਂ,ਮਰਨੋਂ ਮੂਲ ਨਾ ਡਰਸਾਂ ।

ਜੇ ਰੱਬ ਕੂਕ ਸੱਸੀ ਦੀ ਸੁਣ ਸੀ, ਜਾਇ ਮਿਲਾ ਪਗ ਪਰਸਾ ।

ਹਾਸ਼ਮ ਨਹੀਂ ਸ਼ਹੀਦ ਹੋ ਵੈਸਾਂ,ਥਲ ਮਾਰੂ ਵਿਚ ਮਰਸਾਂ ।

**ਪ੍ਰਸੰਗ – ਇਹ ਕਾਵ ਟੋਟਾ ਸਾਹਿਤ ਮਾਲਾ ਪੁਸਤਕ ਵਿਚ ਦਰਜ ਹਾਸ਼ਮ ਸ਼ਾਹ ਦੇ ਕਿੱਸੇ ਸੱਸੀ ਪੁੰਨੂੰ ਵਿਚੋਂ ਲਿਆ ਗਿਆ ਹੈ।ਇਸ ਕਿੱਸੇ ਵਿਚ ਕਵੀ ਨੇ ਸੱਸੀ ਪੁੰਨੂੰ ਦੀ ਪ੍ਰੀਤ ਕਹਾਣੀ ਨੂੰ ਬਿਆਨ ਕੀਤਾ ਹੈ।ਇੰਨ੍ਹਾਂ ਸਤਰਾਂ ਵਿਚ ਸੱਸੀ ਮਾਰੂਥਲਾਂ ਦੇ ਦੁੱਖਾਂ ਦਾ ਡਰ ਦੇ ਕੇ ਪੁੰਨੂੰ ਦਾ ਪਿੱਛਾ ਕਰਨ ਤੋਂ ਰੋਕ ਰਹੀ ਆਪਣੀ ਮਾਂ ਦੀ ਨਸੀਹਤ ਨੂੰ ਰੱਦ ਕਰਦੀ ਹੋਈ ਪੁੰਨੂੰ ਨੂੰ ਮਿਲਣ ਲਈ ਆਪਣੀ ਦ੍ਰਿੜ੍ਹਤਾ ਨੂੰ ਬਿਆਨ ਕਰਦੀ ਹੈ ।**

**ਵਿਆਖਿਆ** – ਸੱਸੀ ਆਪਣੀ ਮਾਂ ਨੂੰ ਕਹਿੰਦੀ ਹੈ ਕਿ ਪੁੰਨੂੰ ਨੂੰ ਮੁੜ ਪ੍ਰਾਪਤ ਕਰਨ ਲਈ ਰਸਤਾ ਭਾਵੇਂ ਕਿੰਨ੍ਹਾਂ ਭਿਆਨਕ ਹੈ ,ਪਰ ਇਸ ਰਸਤੇ ਨੂੰ ਪਾਰ ਕਰਕੇ ਉਸਦਾ ਪਿੱਛਾ ਕਰਨ ਦੇ ਆਪਣੇ ਫੈਂਸਲੇ ਤੋਂ ਪਿੱਛੇ ਨਹੀਂ ਹਟੇਗੀ।ਉਹ ਤਪਦੇ ਮਾਰੂਥਲਾਂ ਦੇ ਰਾਹ ਉੱਤੇ ਜਾਨ ਤਲੀ ਉੱਤੇ ਧਰ ਕੇ ਅੱਗੇ ਹੀ ਅੱਗੇ ਤੁਰਦੀ ਜਾਵੇਗੀ।ਜਿੰਨ੍ਹਾਂ ਚਿਰ ਉਸ ਵਿਚ ਕੋਈ ਸਾਹ ਬਾਕੀ ਹੈ,ਉਹ ਨਿਰਾਸ਼ ਨਹੀਂ ਹੋਵੇਗੀ ਤੇ ਆਪਣੀ ਮੰਜ਼ਲ ਤੇ ਪਹੁੰਚਣ ਲਈ ਮੌਤ ਤੋਂ

ਵੀ ਨਹੀਂ ਡਰੇਗੀ।ਜੇਕਰ ਰੱਬ ਉਸਦੀ ਕੋਈ ਸਹਾਇਤਾ ਕਰੇਗਾ ਤਾਂ ਉਹ ਆਪਣੇ ਪ੍ਰੀਤਮ ਨੂੰ ਮਿਲਕੇ ਉਸਦੇ ਪੈਰਾਂ ਨੂੰ ਛੋਹੇਗੀ,ਨਹੀਂ ਤਾਂ ਉਹ ਆਪਣੇ ਪੰਧ ਉੱਤੇ ਤੁਰਦੀ ਹੋਈ ਆਪਣੇ ਪ੍ਰੀਤਮ ਪਿੱਛੇ ਮਾਰੂਥਲ ਵਿਚ ਜਾਨ ਦੇ ਕੇ ਸ਼ਹੀਦ ਹੋ ਜਾਵੇਗੀ।

ਨਾਜ਼ਕ ਪੈਰ ਗੁਲਾਬ ਸੱਸੀ ਦੇ,ਮਹਿੰਦੀ ਨਾਲ ਸ਼ਿੰਗਾਰੇ।

ਆਸ਼ਕ ਵੇਖ ਬਹੇ ਇੱਕ ਵਾਰੀ ,ਜੀਓ ਤਿੰਨ੍ਹਾਂ ਪਰ ਵਾਰੇ ।

ਬਾਲੂ ਰੇਤ ਤਪੇ ਵਿਚ ਥਲ ਦੇ,ਭੁੰਨਣ ਜੋ ਭਠਿਆਰੇ ।

ਹਾਸ਼ਮ ਵੇਖ ਯਕੀਨ ਸੱਸੀ ਦਾ,ਫੇਰ ਨਹੀਂ ਦਿਲ ਹਾਰੇ।

**ਪ੍ਰਸੰਗ- ਇਹ ਕਾਵਿ ਟੋਟਾ ਸਾਹਿਤ ਮਾਲਾ ਪੁਸਤਕ ਵਿਚ ਦਰਜ ਹਾਸ਼ਮ ਸ਼ਾਹ ਦੀ ਰਚਨਾ ਕਿੱਸਾ ਸੱਸੀ ਪੁੰਨੂੰ ਵਿਚੋਂ ਲਿਆ ਗਿਆ ਹੈ।ਇਸ ਵਿਚ ਕਵੀ ਨੇ ਸੱਸੀ ਪੁੰਨੂੰ ਦੀ ਪ੍ਰੀਤ ਕਹਾਣੀ ਨੂੰ ਬਿਆਨ ਕੀਤਾ ਹੈ।ਜਦੋਂ ਸੱਸੀ ਵਿਛੜੇ ਪੁੰਨੂੰ ਦੀ ਭਾਲ ਕਰਦੀ ਹੋਈ ਤਪਦੇ ਮਾਰੂਥਲ ਉੱਤੇ ਅੱਗੇ ਤੁਰਦੀ ਜਾਂਦੀ ਹੈ ।ਇੰਨ੍ਹਾਂ ਸਤਰਾਂ ਵਿਚ ਕਵੀ ਦੱਸਦਾ ਹੈ ਕਿ ਕਿਸ ਤਰਾਂ ਮਾਰੂਥਲ ਦੀ ਗਰਮੀ ਤੇ ਬਿਰਹੋਂ ਦੀ ਤਪਸ਼ ਸੱਸੀ ਦਾ ਬੁਰਾ ਹਾਲ ਕਰਦੀ ਹੈ,ਪਰੰਤੂ ਉਹ ਸਿਦਕ ਨਹੀਂ ਹਾਰਦੀ ।**

**ਵਿਆਖਿਆ**- ਮਾਰੂਥਲ ਵਿਚ ਪੁੰਨੂੰ ਦੀ ਡਾਚੀ ਦੀ ਪੇੜ ਲੱਭ ਰਹੀ ਸੱਸੀ ਦੇ ਪੈਰ ਗੁਲਾਬ ਵਰਗੇ ਨਾਜ਼ਕ ਤੇ ਸੁੰਦਰ ਹੋਣ ਤੋਂ ਇਲਾਵਾ ਮਹਿੰਦੀ ਨਾਲ ਸ਼ਿੰਗਾਰੇ ਹੋਏ ਹਨ।ਜੇਕਰ ਕੋਈ ਆਸ਼ਕ ਉੰਨਾ ਨੂੰ ਵੇਖ ਲੈਂਦਾ ਸੀ,ਤਾਂ ਉਹ ਉਨ੍ਹਾਂ ਦੀ ਖ਼ਾਤਰ ਜਾਨ ਵਾਰ ਦੇਣ ਲਈ ਤਿਆਰ ਹੋ ਜਾਂਦਾ ਸੀ।ਮਾਰੂਥਲ ਵਿਚ ਬਾਲੂ ਰੇਤ ਉਨੀ ਤਪ ਰਹੀ ਸੀ ,ਜਿੰਨੀ ਤਪਦੀ ਰੇਤ ਵਿਚ ਜੋਂ ਭੁੰਨ੍ਹਦੇ ਹਨ।ਪਰ ਹਾਸ਼ਮ ਆਖਦਾ ਹੈ, ਸੱਸੀ ਦਾ ਯਕੀਨ ਵੇਖੋ,ਉਹ ਸਿਦਕ ਤੋਂ ਪਿੱਛੇ ਨਹੀਂ ਹਟੀ ਤੇ ਤਪਦੀ ਰੇਤ ਉਪਰ ਹੀ ਤੁਰਦੀ ਗਈ।

ਪ੍ਰਸ਼ਨ - ਕਿੱਸਾ ਸੱਸੀ ਪੁੰਨੂੰ ਕਵਿਤਾ ਦਾ ਕੇਂਦਰੀ ਭਾਵ 40 ਸ਼ਬਦਾਂ ਵਿਚ ਲਿਖੋ।

ਉੱਤਰ- ਆਪਣੇ ਪ੍ਰੀਤਮ ਪੁੰਨੂੰ ਤੋਂ ਵਿਛੜ ਕੇ ਸੱਸੀ ਉਸਦਾ ਪਿੱਛਾ ਕਰਨ ਲਈ ਉਸਦੀ ਡਾਚੀ ਦੀ ਪੈੜ ਲੱਭਦੀ ਹੋਈ ਤਪਦੇ ਮਾਰੂਥਲ ਵਿਚ ਚਲ ਪਈ।ਉੱਥੇ ਹੀ ਗਰਮੀ ਵਿੱਚ ਉਸਦੀ ਮੌਤ ਹੋ ਗਈ ।ਉਹ ਰੱਬ ਦਾ ਲੱਖ ਲੱਖ ਸ਼ੁਕਰ ਕਰ ਰਹੀ ਸੀ ਕਿ ਉਹ ਇਸ਼ਕ ਵਿਚ ਪੂਰੀ ਉਤਰੀ ਹੈ।

## ਵਸਤੂਨਿਸ਼ਠ ਪ੍ਰਸ਼ਨ

ਪ੍ਰਸ਼ਨ-ਹਾਸ਼ਮ ਨੇ ਆਪਣੇ ਕਿੱਸੇ ਵਿਚ ਕਿਸਦੀ ਪ੍ਰੀਤ ਕਹਾਣੀ ਨੂੰ ਬਿਆਨ ਕੀਤਾ ਹੈ ?

**ਉੱਤਰ-ਸੱਸੀ ਪੁੰਨੂੰ ਦੀ ।**

ਪ੍ਰਸ਼ਨ-ਸੱਸੀ ਕਿਸਦਾ ਪਿੱਛਾ ਕਰ ਰਹੀ ਸੀ ?

ਉੱਤਰ-ਪੁੰਨੂੰ ਦਾ ।

ਪ੍ਰਸ਼ਨ-ਸੱਸੀ ਦਾ ਰਸਤਾ ਕਿੱਥੋਂ ਦੀ ਲੰਘ ਰਿਹਾ ਸੀ ?

ਉੱਤਰ-ਤਪਦੇ ਮਾਰੂਥਲ ਵਿਚੋਂ ।

ਪ੍ਰਸ਼ਨ-ਪੁੰਨੂੰ ਕਾਹਦੇ ਉੱਤੇ ਚੜ੍ਹ ਕੇ ਗਿਆ ਸੀ ?

ਉੱਤਰ-ਊਠ ( ਡਾਚੀ ) ਉੱਤੇ ।

ਪ੍ਰਸ਼ਨ-ਹਾਸ਼ਮ ਨੇ ਅੱਗ ਦਾ ਦਰਿਆ ਕਿਸਨੂੰ ਕਿਹਾ ਹੈ ?

ਉੱਤਰ-ਤਪਦੇ ਮਾਰੂਥਲ ਨੂੰ ।

ਪ੍ਰਸ਼ਨ-ਸੱਸੀ ਦੇ ਨਾਜ਼ੁਕ ਪੈਰ ਕਿਹੋ ਜਿਹੇ ਸਨ ?

ਉੱਤਰ-ਗੁਲਾਬ ਵਰਗੇ ।

ਪ੍ਰਸ਼ਨ-ਸੱਸੀ ਦੇ ਪੈਰ ਕਾਹਦੇ ਨਾਲ ਸ਼ਿੰਗਾਰੇ ਹੋਏ ਸਨ ?

ਉੱਤਰ-ਮਹਿੰਦੀ ਨਾਲ ।

ਪ੍ਰਸ਼ਨ-ਸੱਸੀ ਦੇ ਦਿਲ ਵਿਚ ਕੀ ਸੀ ?

ਉੱਤਰ-ਇਸ਼ਕ ਦੀ ਤਪਸ਼ ।

ਪ੍ਰਸ਼ਨ-ਸੱਸੀ ਨੇ ਆਪਣਾ ਸਿਰ ਕਾਹਦੇ ਉੱਤੇ ਰੱਖ ਦਿੱਤਾ ?

ਉੱਤਰ-ਡਾਚੀ ਦੇ ਖੁਰੇ ਉੱਤੇ ।

ਪ੍ਰਸ਼ਨ-ਸੱਸੀ ਨੇ ਮਾਰੂਥਲ ਵਿਚ ਕਿਸਦੀ ਖ਼ਾਤਰ ਜਾਨ ਗਵਾਈ ਸੀ?

ਉੱਤਰ-ਪ੍ਰੇਮੀ ਪੁੰਨੂੰ ਖ਼ਾਤਰ ।



ਤਿਆਰ ਕਰਤਾ

ਪ੍ਰੋ.ਰਾਮਕੁਮਾਰ ਵਰਮਾ

ਮੋਬਾਇਲ – 75087-27529

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੰ.ਰਣ ਸਿੰਘ।